# ਜਿਨਸੀ ਹਮਲਾ ਕੀ ਹੈ?

ਜਿਨਸੀ ਹਮਲਾ ਇਕ ਜਿਨਸੀ ਤਰੀਕੇ ਦਾ ਕੋਈ ਵੀ ਵਿਵਹਾਰ ਹੈ ਜੋ ਅਣਚਾਹਿਆ ਹੈ ਜਾਂ ਤੁਹਾਨੂੰ ਡਰ ਜਾਂ ਬੇਅਰਾਮਾ ਮਹਿਸੂਸ ਕਰਵਾਉਂਦਾ ਹੈ।

ਜਿਨਸੀ ਹਮਲੇ ਵਿੱਚ ਸ਼ਾਮਲ ਹਨ:

- ਜਿਨਸੀ ਪਰੇਸ਼ਾਨੀ
- ਅਣਚਾਹੇ ਤਰੀਕੇ ਨਾਲ ਛੂਹਣਾ ਜਾਂ ਛੇੜਨਾ
- ਗੰਦੇ ਸੁਝਾਅ ਦੇਣ ਵਾਲਾ ਵਿਵਹਾਰ ਜਾਂ ਟਿੱਪਣੀਆਂ
- ਪ੍ਰਦਰਸ਼ਨ ਕਰਨਾ
- ਬਲਾਤਕਾਰ
- ਸਾਕ-ਸਬੰਧੀਆਂ ਵਿੱਚ ਜਿਨਸੀ ਸੰਬੰਧ

ਜੇ ਤੁਸੀਂ ਜਿਨਸੀ ਹਮਲੇ ਦੇ ਪੀੜਤ/ਬਚ ਨਿਕਲਣ ਵਾਲੇ ਹੋ, ਤਾਂ ਤੁਹਾਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ।

ਇਹ ਹਮੇਸ਼ਾ ਉਸ ਵਿਅਕਤੀ ਦੀ ਜ਼ਿੰਮੇਵਾਰੀ ਹੁੰਦੀ ਹੈ ਜਿਸ ਨੇ ਤੁਹਾਡੇ ਉੱਤੇ ਹਮਲਾ ਕੀਤਾ ਹੈ।

ਜਿਨਸੀ ਹਮਲਾ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਇਸ ਕਰਕੇ ਇਹ ਵਿਅਕਤੀ ਅਤੇ ਸਮਾਜ ਦੇ ਖਿਲਾਫ ਅਪਰਾਧ ਹੈ।

# ਅਸੀਂ ਮਦਦ ਕਰ ਸਕਦੇ ਹਾਂ

- ਜਾਣਕਾਰੀ, ਸਹਾਇਤਾ ਅਤੇ ਸਲਾਹ-ਮਸ਼ਵਰੇ ਵਾਸਤੇ ਵਿਕਲਪਾਂ ਬਾਰੇ ਗੱਲ ਕਰਨ ਲਈ 9216 0444 ਉੱਤੇ ਫੋਨ ਕਰੋ।
- ਸਾਡੇ ਕੋਲ ਮਦਦ ਵਾਲੀ ਜਾਣਕਾਰੀ ਦੇ ਕਈ ਤਰ੍ਹਾਂ ਦੇ ਕਿਤਾਬਚੇ ਹਨ ਜੋ ਸਾਡੀ ਵੈੱਬਸਾਈਟ ਤੋਂ ਵੀ ਡਾਊਨਲੋਡ ਕੀਤੇ ਜਾ ਸਕਦੇ ਹਨ।
- 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਸਤੇ ਸੇਵਾਵਾਂ: ਰੋਇਲ ਚਿਲਡਰਨਜ਼ ਹਸਪਤਾਲ ਵਿੱਚ ਸਥਿਤ ਗੇਟਹਾਊਸ ਸੈਂਟਰ ਨੂੰ ਫੋਨ ਕਰੋ, ਟੈਲੀਫੋਨ 9345 6391

  ਗੇਟਹਾਊਸ MDC, ਵੈਰੀਬੀ ਵਿਖੇ ਸਲਾਹ-ਮਸ਼ਵਰਾ ਵੀ ਪ੍ਰਦਾਨ ਕਰਦਾ ਹੈ।

# ਸਾਨੂੰ ਕਿਵੇਂ ਲੱਭਣਾ ਹੈ:




ਅਸੀਂ ਬਹੁ-ਅਨੁਸ਼ਾਸਨੀ ਕੇਂਦਰ (MDC) ਵਿੱਚ ਸਥਿਤ ਹਾਂ
236 Hoppers Lane, Werribee, VIC 3030.
(ਮੈਲਵੇਜ਼ ਨਕਸ਼ੇ ਦਾ ਹਵਾਲਾ: 206 J4)

ਜਨਤਕ ਆਵਾਜਾਈ ਰਸਤਿਆਂ ਦੇ ਵਿਸਥਾਰਾਂ ਵਾਸਤੇ, ਪਬਲਿਕ ਟਰਾਂਸਪੋਰਟ ਵਿਕਟੋਰੀਆ ਨੂੰ 1800 800 007 ਉੱਤੇ ਫੋਨ ਕਰੋ।

WestCASA

ਵੈਸਟਰਨ ਰੀਜਨ ਸੈਂਟਰ ਅਗੇਂਸਟ ਸੈਕਸੂਅਲ ਅਸਾਲਟ ਇੰਕ
ਏ ਬੀ ਐਨ 29 351 352 921
236 Hoppers Lane, Werribee, VIC 3030.
ਫੈਕਸ: 9216 0440

WestCASA

Western Region Centre Against Sexual Assault

## ਸਲਾਹ-ਮਸ਼ਵਰਾ ਸੇਵਾ ਜਿਸ ਦਾ ਟੀਚਾ ਜਿਨਸੀ ਹਮਲੇ ਦੇ ਪੀੜਤਾਂ/ਬਚੇ ਹੋਇਆਂ ਦੇ ਇਲਾਜ ਨੂੰ ਸੁਵਿਧਾਜਨਕ ਬਣਾਉਣਾ ਅਤੇ ਸਾਡੇ ਸਮਾਜ ਵਿੱਚ ਜਿਨਸੀ ਹਿੰਸਾ ਨੂੰ ਖਤਮ ਕਰਨ ਵੱਲ ਕੰਮ ਕਰਨਾ ਹੈ।

wyndham mdc

ਬਹੁ-ਅਨੁਸ਼ਾਸਨੀ ਕੇਂਦਰ - ਵੈਰੀਬੀ

ਸਲਾਹ-ਮਸ਼ਵਰਾ 9216 0444

ਕੰਮ ਦੇ ਘੰਟਿਆਂ ਦੇ ਬਾਅਦ ਜਿਨਸੀ ਹਮਲੇ ਦੀ ਸੰਕਟ ਲਾਈਨ
1800 806 292

ਦਫਤਰ 9216 0411

www.westcasa.org.au

info@westcasa.org.au

ਸੋਮਵਾਰ-ਸ਼ੁੱਕਰਵਾਰ, ਸਵੇਰੇ 9 ਵਜੇ - ਸ਼ਾਮ 5 ਵਜੇ ਤੱਕ

## WestCASA ਸੇਵਾਵਾਂ ਉਹਨਾਂ ਸਾਰੇ ਲੋਕਾਂ ਵਾਸਤੇ ਉਪਲਬਧ ਹਨ ਜਿੰਨ੍ਹਾਂ ਦੀ ਉਮਰ 12 ਸਾਲ ਅਤੇ ਵੱਡੀ ਉਮਰ ਦੇ ਉਹਨਾਂ ਲੋਕਾਂ ਵਾਸਤੇ ਹੈ ਜੋ ਜਿਨਸੀ ਹਮਲੇ ਤੋਂ ਪੀੜਤ/ਬਚ ਨਿਕਲਣ ਵਾਲੇ ਹਨ।

## WestCASA ਸਾਰੇ ਲਿੰਗਾਂ, ਜਿਨਸੀ ਝੁਕਾਵਾਂ, ਸੱਭਿਆਚਾਰਾਂ, ਧਰਮਾਂ ਅਤੇ ਯੋਗਤਾਵਾਂ ਦੇ ਲੋਕਾਂ ਵਾਸਤੇ ਇੱਕ ਸੇਵਾ ਹੈ।

*"ਤੁਹਾਨੂੰ ਤੁਰੰਤ ਹੀ ਸੰਬੰਧ ਅਤੇ ਵਿਸ਼ਵਾਸ ਦੀ ਭਾਵਨਾ ਪੈਦਾ ਹੋ ਜਾਂਦੀ ਹੈ।"*

*"ਕੋਈ ਅਜੀਬ ਜਾਂ ਸਰਪਰਸਤੀ ਵਾਲਾ ਰਵੱਈਆ ਨਹੀਂ ਹੈ।"*

*"ਮਾਹੌਲ ਸ਼ਾਂਤ ਅਤੇ ਸੁਰੱਖਿਅਤ ਹੈ।"*

WestCASA ਦੀ ਸਥਾਪਨਾ ਪੀੜਤਾਂ/ਬਚ ਗਏ ਲੋਕਾਂ ਦੇ ਅਧਿਕਾਰਾਂ ਦੇ ਆਦਰ ਉੱਤੇ ਕੀਤੀ ਗਈ ਹੈ:

- ਸੁਣਿਆ ਜਾਵੇ
- ਵਿਸ਼ਵਾਸ ਕੀਤਾ ਜਾਵੇ
- ਸਨਮਾਨ ਨਾਲ ਵਿਵਹਾਰ ਕੀਤਾ ਜਾਵੇ
- ਜੇ ਜ਼ਰੂਰੀ ਹੋਵੇ ਤਾਂ ਕਿਸੇ ਦੁਭਾਸ਼ੀਏ ਨਾਲ ਆਪਣੀ ਭਾਸ਼ਾ ਵਿੱਚ ਗੱਲਬਾਤ ਕੀਤੀ ਜਾਵੇ
- ਸੰਵੇਦਨਸ਼ੀਲਤਾ ਅਤੇ ਸਮਝ ਨਾਲ ਵਿਵਹਾਰ ਕੀਤਾ ਜਾਵੇ
- ਉਹਨਾਂ ਦੀਆਂ ਚੋਣਾਂ ਉੱਤੇ ਕਾਬੂ ਹੋਵੇ
- ਉਹਨਾਂ ਦੇ ਵਿਕਲਪਾਂ ਬਾਰੇ ਸਬੰਧਿਤ ਜਾਣਕਾਰੀ ਦਿੱਤੀ ਜਾਵੇ
- ਗੁਪਤਤਾ ਅਤੇ ਪਰਦੇਦਾਰੀ ਨੂੰ ਬਣਾਈ ਰੱਖਿਆ ਜਾਵੇ।

WESTCASA ਪੇਸ਼ ਕਰਦਾ ਹੈ:

## ਸਲਾਹ

ਜਿਨਸੀ ਹਮਲੇ ਦੇ ਪੀੜਤਾਂ/ਬਚ ਨਿਕਲਣ ਵਾਲਿਆਂ ਨੂੰ ਇੱਕ ਸੁਰੱਖਿਅਤ ਅਤੇ ਗੁਪਤ ਵਾਤਾਵਰਣ ਵਿੱਚ ਥੋੜ੍ਹੀ ਤੋਂ ਦਰਮਿਆਨੀ ਮਿਆਦ ਦੀ ਸਲਾਹ-ਮਸ਼ਵਰਾ।

ਗੈਰ-ਦੋਸ਼ੀ ਪਰਿਵਾਰ ਦੇ ਜੀਆਂ, ਭਾਈਵਾਲਾਂ ਅਤੇ ਦੋਸਤਾਂ ਵਾਸਤੇ ਸਲਾਹ-ਮਸ਼ਵਰਾ। ਸਾਰਾ ਸਲਾਹ-ਮਸ਼ਵਰਾ ਮੁਫ਼ਤ ਹੈ।

WestCASA ਵਿਖੇ ਸਾਰੇ ਸਲਾਹਕਾਰਾਂ ਕੋਲ ਜਿਨਸੀ ਹਮਲੇ ਦੇ ਪੀੜਤਾਂ/ਬਚ ਨਿਕਲਣ ਵਾਲਿਆਂ ਨਾਲ ਕੰਮ ਕਰਨ ਵਾਸਤੇ ਮਾਹਿਰ ਸਿਖਲਾਈ ਅਤੇ ਤਜ਼ਰਬਾ ਹੁੰਦਾ ਹੈ।

ਮੁਲਾਕਾਤਾਂ ਦੀ ਪੇਸ਼ਕਸ਼ ਫੈਰੀਬੀ ਬਹੁ-ਅਨੁਸ਼ਾਸਨੀ ਕੇਂਦਰ (ਮੁੱਖ ਦਫਤਰ), ਫੁੱਟਸਕ੍ਰੇਅ ਅਤੇ ਮੈਲਟਨ ਵਿੱਚ ਕੀਤੀ ਜਾਂਦੀ ਹੈ।

ਵਿਕਟੋਰੀਆ ਦੀ ਕੰਮ ਦੇ ਘੰਟਿਆਂ ਤੋਂ ਬਾਅਦ ਜਿਨਸੀ ਹਮਲੇ ਦੇ ਸੰਕਟ ਲਾਈਨ ਵੱਲੋਂ ਕੰਮ ਦੇ ਘੰਟਿਆਂ ਤੋਂ ਬਾਅਦ ਸਹਾਇਤਾ:
1800 806 292 / 9216 0444

## ਵਕਾਲਤ

ਤੁਹਾਡੀਆਂ ਲੋੜਾਂ ਦੀ ਸਹਾਇਤਾ ਕਰਨ ਲਈ ਕਾਨੂੰਨੀ ਵਿਕਲਪਾਂ, ਹੋਰ ਸਰੋਤਾਂ ਜਾਂ ਸੇਵਾਵਾਂ ਬਾਰੇ ਜਾਣਕਾਰੀ।

ਹੋਰ ਸੇਵਾਵਾਂ ਵਾਸਤੇ ਸਿਫਾਰਸ਼ਾਂ ਜੋ ਤੁਹਾਡੀ ਮੁੜ-ਸਿਹਤਯਾਬੀ ਵਿੱਚ ਸਹਾਇਤਾ ਅਤੇ ਸਹਿਯੋਗ ਕਰ ਸਕਦੀਆਂ ਹਨ।

## ਸਲਾਹ-ਮਸ਼ਵਰਾ

ਸੈਕੰਡਰੀ ਅਤੇ ਡਾਕਟਰੀ ਸਲਾਹ-ਮਸ਼ਵਰਾ ਦੂਸਰੇ ਪੇਸ਼ੇਵਰਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਤਾਂ ਜੋ ਉਹ ਜਿਨਸੀ ਹਮਲੇ ਤੋਂ ਪੀੜਤ/ਬਚ ਨਿਕਲਣ ਵਾਲਿਆਂ ਨੂੰ ਦਿੱਤੀ ਜਾਂਦੀ ਸੰਭਾਲ ਦੀ ਗੁਣਵੱਤਾ ਨੂੰ ਵਧੀਆ ਬਣਾ ਸਕਣ।

## ਸਿੱਖਿਆ ਅਤੇ ਸਿਖਲਾਈ

ਭਾਈਚਾਰੇ ਨੂੰ ਜਾਣਕਾਰੀ ਅਤੇ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਪੱਛਮੀ ਖੇਤਰ ਵਿੱਚ ਪੇਸ਼ੇਵਰਾਂ, ਸਮੂਹਾਂ ਅਤੇ ਏਜੰਸੀਆਂ ਵਾਸਤੇ ਵਿਉਂਤੀਆਂ ਵਰਕਸ਼ਾਪਾਂ ਅਤੇ ਸਿਖਲਾਈ ਸੈਸ਼ਨ ਉਪਲਬਧ ਹਨ।

## ਟੈਲੀਫੋਨ ਸਲਾਹ-ਮਸ਼ਵਰਾ ਅਤੇ ਦਾਖਲਾ

ਇੱਕ ਦਾਖਲਾ ਕਰਮਚਾਰੀ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 9.30 ਵਜੇ ਤੋਂ ਸ਼ਾਮ 4.30 ਵਜੇ ਦੇ ਵਿੱਚਕਾਰ ਉਪਲਬਧ ਹੈ।

ਦਾਖਲਾ ਕਰਮਚਾਰੀ ਫ਼ੋਨ ਉੱਤੇ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰ ਸਕਦਾ ਹੈ। ਸਲਾਹ-ਮਸ਼ਵਰੇ ਵਾਸਤੇ ਤੁਹਾਡੇ ਵਿਕਲਪਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਤੁਹਾਨੂੰ ਦਾਖਲਾ ਕਰਮਚਾਰੀ ਨਾਲ ਗੱਲ ਕਰਨ ਦੀ ਲੋੜ ਪਵੇਗੀ।

## ਸਮੂਹਿਕ ਕੰਮ

ਕਈ ਸਾਰੇ ਸਹਾਇਤਾ ਸਮੂਹਾਂ ਨੂੰ ਸਾਰੇ ਸਾਲ ਵਿੱਚ ਤਜ਼ਰਬੇਕਾਰ ਮਦਦ ਕਰਨ ਵਾਲਿਆਂ ਦੁਆਰਾ ਚਲਾਇਆ ਜਾਂਦਾ ਹੈ।

## ਸਰੀਰ ਆਧਾਰਿਤ ਇਲਾਜ

ਸਦਮਾ ਜਾਣਕਾਰੀ ਵਾਲਾ ਯੋਗਾ ਅਤੇ ਸ਼ੀਆਤਸੂ ਦੋ ਤਜ਼ਰਬੇਕਾਰ ਅਭਿਆਸੀਆਂ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਵਰਤਮਾਨ ਸਮੇਂ ਸੇਵਾ ਵਿਖੇ ਸਲਾਹ-ਮਸ਼ਵਰਾ ਲੈ ਰਹੇ ਵਿਅਕਤੀਆਂ ਨੂੰ ਪੇਸ਼ਕਸ਼ ਕੀਤੀ ਜਾਂਦੀ ਹੈ। ਇਹ ਪ੍ਰੋਗਰਾਮ ਪੂਰੇ ਸਾਲ ਦੌਰਾਨ ਸਮੇਂ-ਸਮੇਂ ਤੇ ਚਲਾਏ ਜਾਂਦੇ ਹਨ।

## ਸੰਕਟ ਵੇਲੇ ਸੰਭਾਲ

ਅਸੀਂ ਹਾਲੀਆ ਜਿਨਸੀ ਹਮਲਿਆਂ ਵਾਸਤੇ ਸੰਕਟ ਪ੍ਰਤੀਕਿਰਿਆ ਪ੍ਰਦਾਨ ਕਰਦੇ ਹਾਂ। ਇਹ ਸੰਕਟ ਸੰਭਾਲ ਯੂਨਿਟ ਸਨਸ਼ਾਈਨ ਹਸਪਤਾਲ ਅਤੇ ਫੈਰੀਬੀ MDC ਦੇ ਅੰਦਰ ਸਥਿੱਤ ਹਨ।

ਸਨਸ਼ਾਈਨ ਯੂਨਿਟ ਜਿਨਸੀ ਹਮਲੇ ਦੇ ਹਾਲੀਆ ਪੀੜਤਾਂ/ ਬਚ ਗਏ ਲੋਕਾਂ ਦੇ ਵਾਸਤੇ ਵੈਸਟਕਾਸਾ ਨੂੰ 24-ਘੰਟੇ ਦਾ ਲਿੰਕ ਪ੍ਰਦਾਨ ਕਰਦੀ ਹੈ ਜਿੰਨ੍ਹਾਂ ਨੂੰ ਸੰਕਟ ਬਾਰੇ ਸਲਾਹ-ਮਸ਼ਵਰਾ ਅਤੇ ਸਹਾਇਤਾ ਦੀ ਲੋੜ ਹੁੰਦੀ ਹੈ।

ਸੁਰੱਖਿਅਤ ਅਤੇ ਸ਼ਾਂਤ ਵਾਤਾਵਰਣ ਦੀ ਸਿਰਜਣਾ ਕਰਨ ਲਈ WestCASA ਵਿਕਟੋਰੀਆ ਦੀ ਪੁਲੀਸ, ਵਿਕਟੋਰੀਅਨ ਇੰਸਟੀਚਿਊਟ ਆਫ ਫੋਰੈਂਸਿਕ ਮੈਡੀਸਨ ਅਤੇ ਵੈਸਟਰਨ ਹੈਲਥ ਦੇ ਨਾਲ ਭਾਈਵਾਲੀ ਵਿੱਚ ਕੰਮ ਕਰਦੀ ਹੈ, ਜਿੱਥੇ ਪੀੜਤ/ਬਚ ਨਿਕਲਣ ਵਾਲੇ ਕਾਨੂੰਨੀ ਪ੍ਰਕਿਰਿਆਵਾਂ ਅਤੇ ਡਾਕਟਰੀ ਸੰਭਾਲ ਬਾਰੇ ਜਾਣਕਾਰੀ ਅਤੇ ਚੋਣ ਪ੍ਰਾਪਤ ਕਰਦੇ ਹਨ।